# Scope and purpose of History

**Scope of History :** ਇਤਿਹਾਸ ਦਾ ਖੇਤਰ ਬਹੁਤ ਵਿਆਪਕ ਹੈ। ਇਸ ਦੇ ਅੰਦਰ ਮਨੁੱਖ ਦੀਆਂ ਸਾਰੀਆਂ ਪ੍ਰਾਪਤੀਆਂ ਅਤੇ ਸੰਘਰਸ਼ ਆ ਜਾਂਦਾ ਹੈ। ਇਸ ਅੰਦਰ ਅਜਿਹੀਆਂ ਸਾਰੀਆਂ ਗੱਲਾਂ ਆ ਜਾਂਦੀਆਂ ਹਨ। ਜਿਹੜੀਆਂ ਮਨੁੱਖ ਨੇ ਅਤਿ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤਕ ਕੀਤੀਆਂ ਹਨ। ਇਸ ਦੇ ਅੰਦਰ ਉਹ ਕੁਝ ਦੱਸਿਆ ਜਾਂਦਾ ਹੈ। ਜਿਹੜਾ ਮਨੁੱਖ ਨੇ ਅੱਜ ਤਕ ਸੋਚਿਆ ਹੈ ਜਾਂ ਕੀਤਾ ਹੈ। ਇਸ ਅੰਦਰ ਮਨੁੱਖੀ ਸਭਿਅਤਾਵਾਂ ਦਾ ਪੂਰਾ ਇਤਿਹਾਸ ਆ ਜਾਂਦਾ ਹੈ। ਇਕ ਲੇਖਕ ਦੁਆਰਾ ਮਨੁੱਖ ਦੇ ਸਮਾਜਿਕ, ਆਰਥਿਕ ਤੇ ਧਾਰਮਿਕ ਪੱਖਾਂ ਵਿਸ਼ਾ ਵਰਣਨ ਕਰਵਾਇਆ ਜਾਂਦਾ ਹੈ। ਇਤਿਹਾਸ ਦੇ ਸਭ ਪੱਖ ਹਨ ਅਤੇ ਇਤਿਹਾਸ ਅਸਲ ਵਿਚ ਮਨੁੱਖੀ ਕਿਰਤੀ ਨਾਲ ਸੰਬੰਧਿਤ ਹੈ। ਮਨੁੱਖ ਦੇ ਇਤਿਹਾਸ ਵਿਚ ਦੇ ਸਾਰੇ ਪੱਖ ਇਸ ਅੰਦਰ ਕਿਰਤੀ ਦੇ ਰੂਪ ਵਿਚ ਆ ਜਾਂਦੇ ਹਨ। ਇਹ ਕਿਰਤੀ, ਸਮਾਜਿਕ, ਧਾਰਮਿਕ, ਆਰਥਿਕ, ਵਿਗਿਆਨਿਕ, ਰਾਜਨੀਤਿਕ, ਸੰਸਕ੍ਰਿਤਕ ਟੈਕਨਾਲੋਜੀ ਆਦਿ ਪੱਖਾਂ ਨਾਲ ਸੰਬੰਧਿਤ ਹੋ ਸਕਦੀ ਹੈ। ਹੁਣ ਵੱਖ-ਵੱਖ ਵਿਸ਼ਿਆਂ ਤੇ ਇਤਿਹਾਸ ਲਿਖੇ ਜਾਣ ਲੱਗ ਪਏ ਹਨ।
ਜਿਵੇਂ: ਪੰਜਾਬ ਦਾ ਇਤਿਹਾਸ, ਕਲਾ ਦਾ ਇਤਿਹਾਸ, ਧਰਮ ਦਾ ਇਤਿਹਾਸ, ਸਮਾਜ ਦਾ ਇਤਿਹਾਸ ਆਦਿ

ਖੇਤਰ ਸ਼ਬਦ ਤੋਂ ਭਾਵ ਚੌੜਾਈ, ਵਿਆਪਕਤਾ, ਵਿਸਥਾਰ ਹੈ। ਜਦ ਇਸ ਨੂੰ ਕਿਸੇ ਵਿਸ਼ੇ ਨਾਲ ਜੋੜਿਆ ਜਾਂਦਾ ਹੈ। ਇਸ ਤੋਂ ਭਾਵ ਸੰਬੰਧਿਤ ਵਿਸ਼ੇ ਦੇ ਘੇਰੇ ਤੋਂ ਹੋ ਜਾਂਦਾ ਹੈ। ਜੇਕਰ ਇਸਨੂੰ ਨਾਲ ਜੋੜਿਆ ਜਾਂਦਾ ਤਾਂ ਇਸ ਦਾ ਅਰਥ ਹੈ ਕਿ ਇਤਿਹਾਸ ਦਾ ਘੇਰਾ ਜਾਂ ਖੇਤਰ
19 ਵੀ ਸਦੀ ਤਕ ਇਤਿਹਾਸ ਸਿਰਫ਼ ਰਾਸ਼ਟਰੀ ਅਤੇ ਰਾਜਨੀਤਿਕ ਘਟਨਾਵਾਂ ਦਾ ਅਧਿਐਨ ਤਕ ਸੀਮਿਤ ਸੀ ਓਥੇ ਮੌਜੂਦਾ ਸਮੇਂ ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਗਿਆਨਕ ਆਦਿ ਹੋਰ ਖੇਤਰ ਸ਼ਾਮਿਲ ਹੋ ਗਏ ਹਨ।

Date : / /
Page :

History ਦੇ ਖੇਤਰ ਵਿੱਚ Present, Past, Future
ਤਿੰਨਾ ਨਾਲ ਸੰਬੰਧਿਤ ਗੱਲਾਂ
History ਦਾ Scope ਹਰ ਖੇਤਰ ਵਿੱਚ ਹੁੰਦਾ ਹੈ।

(1) ਰਾਜਨੀਤਿਕ ਖੇਤਰ Political Area :-

ਜਦੋਂ ਤੋਂ ਇਤਿਹਾਸ ਅਧਿਐਨ ਦਾ ਕੰਮ ਸ਼ੁਰੂ ਹੋਇਆ। ਉਦੋਂ ਤੋਂ ਹੀ ਇਤਿਹਾਸ ਵਿੱਚ ਰਾਜਨੀਤੀ ਦਾ ਵਿਆਪਕ ਪੱਧਰ ਤੇ ਅਧਿਐਨ ਹੋਇਆ ਕੋਈ ਸਮਾਂ ਸੀ ਜਦੋਂ ਇਤਿਹਾਸ ਅਤੇ ਰਾਜਨੀਤੀ ਦੋਵੇਂ ਵਿਆਪਕ ਸਮਾਨਾਰਥਕ ਸਨ। ਤਦੇ ਹੀ ਫ੍ਰੀਮੈਨ ਨੇ ਕਿਹਾ ਹੈ।

"ਇਤਿਹਾਸ ਰਾਜਨੀਤੀ ਦਾ ਭੂਤਕਾਲ ਹੈ।

" History the past of Politics · Freeman

ਪ੍ਰਾਚੀਨ ਕਾਲ ਵਿੱਚ ਰਾਜਾ ਮਹਾਰਾਜੇ, / ਸੈਨਾ / ਰਾਜਨੀਤਿਕ ਲੜਾਈ ਸੰਧੀਆਂ ਆਦਿ ਨੂੰ ਲੈ ਕੇ ਜ਼ਿਆਦਾ ਇਤਿਹਾਸ ਲਿਖਿਆ ਜਾਂਦਾ ਸੀ ਜਦਕਿ ਦੂਜੀਆਂ, ਹੋਰ, ਚੀਜ਼ਾਂ ਵੱਲ ਘੱਟ ਧਿਆਨ ਦਿੱਤਾ ਜਾਂਦਾ ਸੀ ਭਾਰਤ ਦਾ ਪ੍ਰਾਚੀਨ ਅਤੇ ਮੱਧ ਕਾਲ ਦਾ ਇਤਿਹਾਸ ਅਜਿਹੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਹੈ।

ਕੌਟਿਲਯ ਦਾ ਅਰਥਸ਼ਾਸਤਰ ਅਤੇ
ਅਲਬਰੂਨੀ ਦਾ ਭਾਰਤ ਬਿਰਤਾਂਤ ਇਸ ਦੀਆਂ
ਪ੍ਰਤੱਖ ਉਦਾਹਰਣਾਂ ਹਨ।

## ਸਮਾਜਿਕ ਖੇਤਰ Social Areas :-

ਇਤਿਹਾਸ ਦਾ ਸਮਾਜ ਨਾਲ ਡੂੰਘਾ ਸੰਬੰਧ ਹੈ। ਇਤਿਹਾਸ ਅਧੀਨ ਕਿਸੇ ਰਾਸ਼ਟਰ ਦੇ ਸਮਾਜਿਕ ਪੱਖਾਂ ਬਾਰੇ ਵਿਸਥਾਰ ਚਰਚਾ ਕੀਤੀ ਜਾਂਦੀ ਹੈ। ਜੇ ਅਸੀਂ ਕਿਸੇ ਕ੍ਰਾਂਤੀ ਬਾਰੇ ਪੜ੍ਹਦੇ ਹਾਂ, ਤਾਂ ਸਭ ਤੋਂ ਪਹਿਲਾਂ ਉੱਥੋਂ ਦੇ ਹਾਲਾਤਾਂ ਦਾ ਅਧਿਐਨ ਕਰਦੇ ਹਾਂ ਕਿਉਂਕਿ ਇਹ ਅਜਿਹਾ ਕਾਰਨ ਹੁੰਦਾ ਹੈ, ਜਿਸ ਦੇ ਆਧਾਰ ਤੇ ਕ੍ਰਾਂਤੀ ਦਾ ਬੀਜ ਪੈਦਾ ਹੁੰਦਾ ਹੈ। ਰੂਸੀ ਕ੍ਰਾਂਤੀ ਵਿਚ (1917) ਵੀ ਇਥੇ ਲੋਕਾਂ ਦੀ ਸਮਾਜਿਕ ਸਥਿਤੀ ਬਹੁਤ ਕਮਜ਼ੋਰ ਸੀ। ਹੀਲ ਅਤੇ ਫਰਟਾਗ ਅਜਿਹੇ ਵਿਦਵਾਨ ਹਨ ਜਿਨ੍ਹਾਂ ਨੇ ਪਹਿਲਾ ਮੱਧ ਕਾਲ ਤੇ ਆਧੁਨਿਕ ਸਭਿਅਤਾ ਦੇ ਸਮਾਜਿਕ ਜੀਵਨ ਦੀ ਤਸਵੀਰ ਪੇਸ਼ ਕੀਤੀ ਸੀ। ਟਾਇਨਬੀ ਦੇ ਅਨੁਸਾਰ, ਇਤਿਹਾਸ ਦਾ ਜ਼ਿਆਦਾ ਸਮਾਜਿਕ ਤੱਤਾਂ ਕਰਕੇ ਹੋਇਆ ਹੈ।

## 3) ਆਰਥਿਕ ਖੇਤਰ Economics Area :-

19 ਵੀਂ ਸਦੀ ਦੇ ਬਾਅਦ ਆਰਥਿਕ ਖੇਤਰ ਵਿਚ ਇਤਿਹਾਸ, ਮਹੱਤਤਾ ਨੂੰ ਜਾਣਿਆ ਜਾਂਦਾ ਹੈ। ਇਸ ਪਿੱਛੇ ਮੁੱਖ ਕਾਰਣ ਉਦਯੋਗਿਕ ਕ੍ਰਾਂਤੀ ਅਤੇ ਵਿਗਿਆਨਿਕ ਉੱਨਤੀ ਹੈ। ਜਿਨ੍ਹਾਂ ਇਕ ਦੇਸ਼ ਦੇ ਲੋਕ ਦੂਜੇ ਦੇਸ਼ ਦੇ ਸੰਪਰਕ ਚ ਆਏ। ਸਿੱਖਿਆ ਵਿਸ਼ਵਕੋਸ਼ ਅਨੁਸਾਰ :- ਆਰਥਿਕ ਇਤਿਹਾਸ ਸਾਧਨਾਂ ਦਾ ਵਿਕਾਸ ਹੈ। ਜਿਸ ਤੋਂ ਮਨੁੱਖ ਨੇ ਰੋਜ਼ੀ-ਰੋਟੀ ਪ੍ਰਾਪਤ ਕੀਤੀ ਹੈ। ਭਾਰਤੀ ਇਤਿਹਾਸ ਵਿੱਚ ਜੇਕਰ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪ੍ਰਾਚੀਨ ਕਾਲ ਵਿਚ ਕੌਟਿਲਯ, ਮਨੂ, ਬ੍ਰਹਿਸਪਤੀ ਆਦਿ ਨੇ ਰਾਜ ਲਈ ਆਰਥਿਕ ਤੱਤਾਂ ਨੂੰ ਵਿਸ਼ੇਸ਼ ਮਹੱਤਤਾ ਦਿੱਤੀ। ਕੌਟਿਲਯ ਨੇ ਤਾਂ ਇਤਿਹਾਸ ਅਰਥ, ਪ੍ਰਕਿਰਤੀ, ਖੇਤਰ ਤੇ ਮਹੱਤਤਾ ਨੂੰ ਸਮਝਾਏ ਹੋਏ ਇਸਤੇ ਅਰਥਸ਼ਾਸਤਰ ਨਾਂ ਦੀ ਪੁਸਤਕ ਸੀ। ਜਦਕਿ ਮਨੂ ਅਤੇ ਬ੍ਰਹਿਸਪਤੀ ਨੇ ਆਪਣੀਆਂ ਸਮ੍ਰਿਤੀਆਂ ਵਿਚ ਅਰਥ ਵਿਵਸਥਾ ਸੰਬੰਧੀ ਵਿਸ਼ੇਸ਼ ਜ਼ਿਕਰ ਕੀਤਾ। ਇੰਗਲੈਂਡ ਦੀ ਉਦਯੋਗਿਕ ਕ੍ਰਾਂਤੀ ਆਰਥਿਕ ਵਿਕਾਸ ਨਾਲ ਜੁੜੀ ਹੋਈ ਹੈ। ਮਨੁੱਖ ਨੇ ਰੋਜ਼ੀ-ਰੋਟੀ ਸਾਧਨਾਂ ਦੇ ਉਤਪਾਦਨ ਵਿਚ ਜਿਆਦਾ ਤਰੱਕੀ ਪ੍ਰਾਪਤ ਕਰ ਲਈ ਕੇ ਕੀਤਾ। ਇਹੀ ਆਰਥਿਕ ਇਤਿਹਾਸ ਹੈ। ਰੂਸ ਦੀ ਕ੍ਰਾਂਤੀ ਦੇ ਬਾਅਦ ਆਰਥਿਕ ਇਤਿਹਾਸ ਨੇ ਤੇਜ਼ੀ ਫੜੀ। ਜਿਸਤੇ ਇਤਿਹਾਸ ਅਧੀਨ ਆਰਥਿਕ ਵਿਸ਼ਿਆ ਤੇ ਰੀਸਰਚ ਕਰ ਰਹੇ ਹਨ। ਇਸ ਤਰ੍ਹਾਂ ਆਰਥਿਕ ਖੇਤਰ ਇਤਿਹਾਸ ਦੇ ਘੇਰੇ ਤੋਂ ਬਾਹਰ ਨਹੀਂ।

**ਧਾਰਮਿਕ ਖੇਤਰ Religion Area:-** ਭਾਵੇਂ ਸੰਸਾਰ ਦਾ ਇਤਿਹਾਸ ਹੋਵੇ ਜਾਂ ਭਾਵੇਂ ਭਾਰਤ ਦਾ, ਧਰਮ ਹਮੇਸ਼ਾ ਰਾਜਨੀਤੀ ਤੇ ਭਾਰੀ ਰਿਹਾ ਇਸ ਕਰਕੇ ਧਰਮ ਦੀ ਮਹੱਤਤਾ ਦਾ ਵਾਧਾ ਹੋਣਾ ਸੁਭਾਵਿਕ ਹੈ। ਯੂਰਪ ਵਿਚ ਧਰਮ ਸੁਧਾਰ ਅੰਦੋਲਨ ਦੇ ਆਰੰਭ ਨੇ ਯੂਰਪ ਦੀ ਰਾਜਨੀਤਿਕ ਤਸਵੀਰ ਬਦਲ ਦਿੱਤੀ। ਪ੍ਰਾਚੀਨ ਕਾਲ ਵਿੱਚ ਹਿੰਦੂ ਦੇਵੀ-ਦੇਵਤਿਆਂ ਦਾ ਬੋਲਬਾਲਾ ਸੀ ਮੁਸਲਿਮ ਰਾਜ ਸਥਾਪਿਤ ਹੋਣ ਤੋਂ ਬਾਅਦ ਮੁਸਲਿਮ ਧਰਮ ਦਾ ਪ੍ਰਚਾਰ ਕੀਤਾ ਭਾਵੇਂ ਆਜ਼ਾਦੀ ਤੋਂ ਬਾਅਦ ਭਾਰਤ ਨੂੰ ਧਰਮ ਨਿਰਪੱਖ ਰਾਜ ਦੀ ਸਥਾਪਨਾ ਕੀਤੀ ਗਈ, ਪਰ ਫਿਰ ਸਾਰੇ ਧਰਮਾਂ ਦਾ ਸਤਿਕਾਰ ਕੀਤਾ ਗਿਆ ਇਤਿਹਾਸਕਾਰ ਨੇ ਆਪਣੀਆਂ ਲਿਖਤਾਂ ਵਿਚ ਇਸਨੂੰ ਥਾਂ ਦਿੱਤੀ ਇਸ ਤਰਾਂ ਇਤਿਹਾਸ ਦਾ ਧਰਮ ਦੇ ਖੇਤਰ ਵਿੱਚ ਦਾਖਲ ਹੋ ਗਿਆ।

**ਸਾਹਿਤਕ ਖੇਤਰ: Literary area:** ਅੱਜ ਸਾਡੇ ਕੋਲ ਜਿੰਨੇ ਵੀ ਸਾਹਿਤ ਸੋਮੇ ਹਨ ਉਹ ਸਾਰੇ ਆਪਣੇ ਆਪ ਵਿਚ ਇਤਿਹਾਸ ਹਨ ਵਿਭਿੰਨ ਇਹ ਸਾਨੂੰ ਪ੍ਰਾਚੀਨ ਕਾਲ ਦੀਆਂ ਵੱਖ-ਵੱਖ ਹਲਾਤਾਂ ਦਾ ਬੋਧ ਕਰਵਾਉਂਦੇ ਹਨ। ਭਾਰਤ ਦਾ ਪ੍ਰਾਚੀਨ ਇਤਿਹਾਸ ਸਾਹਿਤ (ਵੇਦਾਂ, ਉਪਨਿਸ਼ਦ), ਪੁਰਾਣ, ਸਮ੍ਰਿਤੀਆਂ ਤੇ ਟਿੱਕਿਆਂ ਤੋਂ ਮਿਲਦਾ ਹੈ। ਸੰਸਾਰ ਪੱਧਰ ਤੇ ਵੀ ਵੱਖ-ਵੱਖ ਇਤਿਹਾਸਕਾਰ ਨੇ ਵੱਖ-ਵੱਖ ਰਾਜਾਂ ਨੂੰ ਅਧਾਰ ਬਣਾ ਕੇ ਸਾਹਿਤ ਲਿਖਤਾਂ ਲਿਖੀਆਂ ਕਵੀਆਂ, ਲਿਖਾਰੀ ਤੇ ਸੰਤਾਂ ਆਦਿ ਨੂੰ ਵਿਸ਼ਾਵਸਤੂ ਬਣਾਇਆ ਉਨ੍ਹਾਂ ਵਿਚ ਮੁਗ਼ਲ ਸ਼ਾਸਕ ਅਕਬਰ ਦੇ ਦਰਬਾਰੀ ਕਵੀਆਂ ਬਾਰੇ ਵਿਸਥਾਰ ਜਾਣਕਾਰੀ ਮਿਲਦੀ ਹੈ ਅਤੇ ਉਹ ਅਸੀਂ ਕਹਿ ਸਕਦੇ ਹਾਂ ਕਿ ਇਤਿਹਾਸ, ਦੇ ਖੇਤਰ ਵਿਚ ਸਾਹਿਤਕ ਖੇਤਰ ਦੀ ਵਿਸ਼ੇਸ਼ਤਾ।

**ਸੱਭਿਆਚਾਰਕ ਖੇਤਰ Culture area:** ਸੱਭਿਆਚਾਰ ਆਪਣੇ ਆਪ ਵਿਚ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤੱਕ ਕਾਲ ਦੀ ਕਲਾ, ਸੰਗੀਤ, ਸੱਭਿਅਤਾ, ਸਾਹਿਤ, ਰੀਤੀ-ਰਿਵਾਜ, ਪਰੰਪਰਾਵਾਂ, ਧਰਮ ਅਤੇ ਮਨੋਰੰਜਨ ਵਿਸਥਾਰ ਜਾਣਕਾਰੀ ਪ੍ਰਾਪਤ ਕਰਦੇ ਹਾਂ। ਸੱਭਿਆਚਾਰ ਕਿਸੇ ਵੀ ਦੇਸ਼ ਦਾ ਅਨਮੋਲ ਖਜ਼ਾਨਾ ਹੁੰਦਾ ਹੈ। ਸੱਭਿਆਚਾਰਕ ਸੰਸਕ੍ਰਿਤੀ ਤੇ ਲਿਖੇ ਗਏ ਗ੍ਰੰਥ ਸਿੱਕੇ ਉੱਤੇ ਤੇ ਉਸ ਕਾਲ ਦੇ ਸਮਾਜ ਬਾਰੇ ਅਧਿਕ ਲੋੜੀਂਦੀ ਜਾਣਕਾਰੀ ਦਿੰਦੇ ਹਨ ਇਤਿਹਾਸ ਦੇ ਮਾਧਿਅਮ ਰਾਹੀਂ ਸੱਭਿਆਚਾਰ ਅਤੇ ਸੰਸਕ੍ਰਿਤੀ ਜਾਣਨ ਦੇ ਇਛੁਕ ਵਿਦਿਆਰਥੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਲੋਕਿਆਚਾਰ ਸਮਾਜ ਦੀ ਸਪੱਸ਼ਟ ਤਸਵੀਰ ਪੇਸ਼ ਕਰਦਾ ਹੈ। ਇਸ ਵਿਚ ਲੋਕਾ ਦੇ ਰਹਿਣ-ਸਹਿਣ, ਖਾਣ ਪੀਣ ਤੇ ਹੋਰ ਰੀਤੀ ਰਿਵਾਜ ਬਾਰੇ ਆਸਾਨੀ ਨਾਲ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

**ਤਕਨੋਲਜੀ ਦੇ ਸ੍ਰੋਤ :-**

ਤਕਨੋਲੋਜੀ ਵੀ ਇਤਿਹਾਸ ਦੀ ਦੇਣ ਹੈ। ਜੇਹੀ ਉਦਯੋਗਿਕ ਜਾ ਆਰਥਿਕ ਕ੍ਰਾਂਤੀ ਭੂਤਕਾਲ ਵਿਚ ਹੋਈ ਉਹ ਸਾਰਾ ਇਤਿਹਾਸ ਹੀ ਹੈ। ਇਸ ਪਿਛੇ ਹੀ ਇਤਿਹਾਸਕ ਕਾਰਨ ਹੀ ਜਿੰਮੇਵਾਰ ਹਨ। ਇਤਿਹਾਸ ਦੇ ਮਾਧਿਅਮ ਦੁਆਰਾ ਹੀ ਅਸੀ ਭੂਤਕਾਲ ਦੀ ਤਕਨੋਲਜੀ ਵਿਕਾਸ ਬਾਰੇ ਜਾਣਕਾਰੀ ਹਾਸਿਲ ਕਰਦੇ ਹਾਂ ਤੇ ਭੂਤਕਾਲ ਤੇ ਆਧਾਰ ਭਵਿੱਖ ਵਿਚ ਹੋਰ ਤਕਨੋਲਜੀ ਇਜਾਦ ਕਰਦੇ ਹਾਂ। ਜਿਵੇਂ ਇੰਗਲੈਂਡ ਦੀ ਉਦਯੋਗਿਕ ਕ੍ਰਾਂਤੀ। ਜੇਕਰ ਤਕਨੀਕੀ ਵਿਕਾਸ ਨੇ ਆਉਣ ਵਾਲੀਆ ਨਸਲਾਂ ਨੂੰ ਆਰਾਮ ਦਾ ਜੀਵਨ ਦਿੱਤਾ ਹੈ। ਤਾਂ ਪਿਛੇ ਇਤਿਹਾਸ ਦੀ ਭੂਮਿਕਾ ਅਹਿਮ ਰਹੀ ਹੈ। ਇਸ ਨਾਲ ਇਤਿਹਾਸ ਦੇ ਵਿਕਾਸ ਬਾਰੇ ਪਤਾ ਲਗਦਾ ਹੈ।

**ਕੁਦਰਤੀ ਵਿਗਿਆਨ :-**

ਕਾਲਿੰਗਵੁਡ ਅਨੁਸਾਰ" ਕੁਦਰਤੀ ਵਿਗਿਆਨ ਪੂਰਨ ਤੌਰ ਤੇ ਗਿਆਨ ਨਹੀ ਹੈ। ਆਪਣੀ ਹੋਂਦ ਲਈ ਇਸਨੂੰ ਦੂਜਿਆ ਉਤੇ ਨਿਰਭਰ ਹੋਣਾ ਪੈਂਦਾ ਹੈ। ਜਿਸਨੂੰ ਇਕ ਤਰ੍ਹਾਂ ਨਾਲ ਇਤਿਹਾਸਕ ਗਿਆਨ ਕਿਹਾ ਜਾ ਸਕਦਾ ਹੈ। ਮਨੁੱਖੀ ਇਤਿਹਾਸ ਦੇ ਨਿਰਮਾਣ ਅਤੇ ਇਸਦੀ ਕਿਸਮਤ ਨੂੰ ਨਿਰਧਾਰਿਤ ਕਰਨ ਵਿਚ ਕੁਦਰਤੀ ਇਸਦੀ ਕਿਸਮਤ ਨੂੰ ਨਿਰਧਾਰਿਤ ਕਰਨ ਵਿਚ ਕੁਦਰਤ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਅਤੇ ਮਨੁੱਖ ਦੀਆ ਗਤੀਵਿਧੀਆ ਕੁਦਰਤੀ ਕਾਰਕਾਂ ਤੋ ਪ੍ਰਭਾਵਿਤ ਹੁੰਦੀਆ।

ਉਦਾਹਰਣ : ਸਭਿਅਤਾ ਨੂੰ ਉਜਾੜ ਅਤੇ ਸੀਮਾਵਾਂ ਨੂੰ ਬਦਲੇ ਬਦਲਣ ~~ਵਿਚ~~ ਕੁਦਰਤੀ ਹਾਲਤਾ ਨੇ ਅਹਿਮ ਭੂਮਿਕਾ ਨਿਭਾਈ ਹੈ।

**ਸਾਰ** :- ਮਨੁੱਖ ਦੇ ਵਿਕਾਸ ਵਿਚ ਕੁਦਰਤੀ ਹਾਲਾਤ ਦੀ ਅਹਿਮ ਭੂਮਿਕਾ ਰਹੀ ਹੈ।

Date : / /
Page :

9. **ਕਾਨੂੰਨ Laws :-** ਕਾਨੂੰਨ, ਜਿਸਨੂੰ ਅੱਜ ਦੇ ਸਮਾਜ ਵਿਚ ਲਿਆਂ ਲਾਗੂ ਕਰਨ ਦਾ ਸਭ ਤੋਂ ਵੱਡਾ ਸੋਮਾ ਮੰਨਿਆ ਜਾਂਦਾ ਹੈ ਵੀ ਇਤਿਹਾਸ ਦਾ ਹੀ ਇਕ ਹਿੱਸਾ ਹੈ। ਪ੍ਰਾਚੀਨ ਕਾਲ ਦੇ ਕਾਨੂੰਨੀ ਬਾਰੇ ਧਾਰੇ ਅਤੇ ਸੋਮਿਆਂ ਦਾ ਸਮੇਂ ਦੇ ਕਾਨੂੰਨ ਦੀ ਜਾਣਕਾਰੀ ਵੀ ਇਤਿਹਾਸ ਤੋਂ ਹੀ ਮਿਲਦੀ ਹੈ।

**ਉਦਾਹਰਣ :-** ਕੌਟਿਲਯ ਦੇ ਅਰਥ-ਸ਼ਾਸਤਰ ਤੇ ਆਰਥਿਕ ਮਾਮਲਿਆਂ ਬਾਰੇ ਅਨੇਕ ਕਾਨੂੰਨ ਅਤੇ ਮਨੂਸਮ੍ਰਿਤੀ ਤੋਂ ਕਾਨੂੰਨ ਸੰਹਿਤਾ (Law code) ਬਾਰੇ ਜਾਣਕਾਰੀ ਮਿਲਦੀ ਹੈ। ਬ੍ਰਿਟਿਸ਼ ਦੁਆਰਾ ਪਾਸ ਕੀਤੇ ਗਏ ਕਾਨੂੰਨ ਬਾਰੇ ਵਿਚ ਸਿਵਲ ਅਤੇ ਫੌਜਦਾਰੀ ਦੋਹਾਂ ਤਰ੍ਹਾਂ ਦੇ ਕਾਨੂੰਨ ਸ਼ਾਮਲ ਹੋਏ ਜਿਵੇਂ ਹਮੂਰਾਬੀ, ਜੱਥਰ ਤੇ ਨੈਪੋਲੀਅਨ ਕੋਡਾਂ ਸੰਵਿਧਾਨਿਕ ਵਿਕਾਸ ਚ ਅਹਿਮ ਯੋਗਦਾਨ ਦਿੱਤਾ ਹੈ। ਸਾਰੇ ਕਾਨੂੰਨੀ ਇਤਿਹਾਸ ਸੰਬੰਧੀ ਵਿਚ ਕੌਂਸਲ, ਸ਼ਾਸਕੀ, ਹੋਮਸ, ਪਾਰਲੀਮੈਂਟ ਨਾਲ ਦੇ ਵਿਸ਼ਲੇਸ਼ਣ ਤੇ ਵਰਣਨਯੋਗ ਹਨ।

10. **ਬੌਧਿਕ ਖੇਤਰ ਅਤੇ ਹੋਰ intellectual and other area:-**

ਬੌਧਿਕ ਇਤਿਹਾਸ ਮੂਲ ਵਿਚਾਰ ਅਤੇ ਸਿਧਾਂਤਾਂ ਤੇ ਚਾਨਣ ਪਾਉਂਦਾ ਹੈ, ਜਿਸ ਨਾਲ ਮਨੁੱਖੀ ਇਤਿਹਾਸ ਨੂੰ ਠੀਕ ਢੰਗ ਨਾਲ ਸਥਾਪਿਤ ਕੀਤਾ ਜਾ ਸਕਦਾ ਹੈ। ਦਾਲਮਨ। ਬੌਧਿਕ ਇਤਿਹਾਸ ਦੀ ਤੁਲਨਾ ਵਿਚ ਕੋਈ ਵੀ ਇਤਿਹਾਸ ਇੰਨਾ ਸ਼ਕਤੀਸ਼ਾਲੀ ਨਹੀਂ। ਕਿਉਂਕਿ ਇਸ ਅਧੀਨ ਚਿੰਤਨ, ਬੁੱਧੀ ਅਤੇ ਵਿਗਿਆਨ ਦੇ ਵਿਕਾਸ ਦਾ ਅਧਿਐਨ ਕੀਤਾ ਜਾਂਦਾ ਹੈ। ਇਤਿਹਾਸਕਾਰ ਤੇ ਵਿਦਵਾਨ ਨੇ ਬੌਧਿਕ ਇਤਿਹਾਸ ਲਿਖਣ ਤੇ ਜ਼ੋਰ ਦਿੱਤਾ। ਇਸ ਤਰ੍ਹਾਂ ਇਤਿਹਾਸ ਦੇ ਖੇਤਰ ਵਿਚ ਬੌਧਿਕ ਪੱਖ ਵੀ ਸ਼ਾਮਿਲ ਹੋ ਗਿਆ। ਇਸ ਤੋਂ ਇਲਾਵਾ ਸਮੇਂ-ਸਮੇਂ ਤੇ ਹੋਰ ਘਟਨਾਵਾਂ ਵੀ ਇਤਿਹਾਸ ਦੇ ਖੇਤਰ ਵਿਚ ਆਉਂਦੇ ਹਨ।

Date: / /
Page:

1. ਸਮਾਜਿਕ ਤੇ ਖੇਤਰੀ ਇਤਿਹਾਸ Social and local area field

ਇਤਿਹਾਸ ਅਧੀਨ ਕਿਸੇ ਰਾਸ਼ਟਰ ਦੀ ਸਮਾਜਿਕ ਬਣਤਰ ਬਾਰੇ ਜਾਣਕਾਰੀ ਮਿਲਦੀ ਹੈ। ਉਦਾ:- ਸਿੰਧ ਘਾਟੀ ਦੀ ਇਤਿਹਾਸ ਦੀ ਜਾਣਕਾਰੀ ਤੇ ਸਾਨੂੰ ਉਸ ਸਮੇਂ ਦੀ Social life, roads, Education, ਰਹਿਣ-ਸਹਿਣ ਰੀਤੀ ਰਿਵਾਜਾਂ, ਤਿਉਹਾਰ ਆਦਿ ਦੀ ਜਾਣਕਾਰੀ ਮਿਲਦੀ ਹੈ। ਇਤਿਹਾਸ ਦੇ ਵਿਦਿਆਰਥੀ ਹੋਣ ਦੇ ਨਾ ਤੇ ਸਾਡਾ ਫਰਜ਼ ਬਣਦਾ ਹੈ ਕਿ ਉਸ ਸਮਾਜ ਤੇ ਹੋਈਆ ਭੂਤਕਾਲ ਵਿਚਲੀਆ ਘਟਨਾਵਾਂ, ਰਾਸ਼ਟਰੀ ਵਿਕਾਸ, ਪਰੰਪਰਾਵਾਂ, ਦੀ ਜਾਣਕਾਰੀ ਪ੍ਰਾਪਤ ਲਈ ਇਤਿਹਾਸ ਹੀ ਮੱਦਦ ਕਰਦਾ ਹੈ।

2. Universal field other field :-

Discovery of new Subject : ਨਵੇਂ Subject ਦੀ ਖੋਜ ਜਿਸ ਤਰ੍ਹਾਂ Antrogy ਨੇ ਵੀ ਇਤਿਹਾਸ ਦਾ ਖੇਤਰ ਵਿਸ਼ਾਲ ਕਰਨ ਵਿੱਚ ਯੋਗਦਾਨ ਪਾਇਆ ਹੈ ਅਜ ਕਲ universal History ਲਿਖੀ ਜਾਣ ਲੱਗ ਪਈ ਹੈ। ਜੋ ਕਿ ਸਿਰਫ਼ ਘਟਨਾਵਾਂ ਨਾਲ ਹੀ ਨਹੀਂ ਸਗੋਂ ਸਾਰੀ ਮਨੁੱਖ ਜਾਤੀ ਤੇ ਮਨੁੱਖੀ ਸੱਭਿਆਚਾਰ ਦੇ ਹਰ ਪੱਖ ਨਾਲ ਸੰਬੰਧ ਰੱਖਦੀ ਹੈ। All History is contemporary history

Example :- ਭਾਰਤ ਵਿੱਚ ਰਹਿਣ ਵਾਲੇ ਇਤਿਹਾਸ ਦੇ ਵਿਦਿਆਰਥੀ french, First, IInd world war, American revolation, di knowledge ਹੋਣੀ ਚਾਹੀਦੀ ਹੈ

**Provincial field :-** ਪ੍ਰਾਂਤਕ ਖੇਤਰ ਤੋਂ ਭਾਵ ਜਿਸ ਰਾਜ ਵਿਚ ਅਸੀਂ ਰਹਿੰਦੇ ਹਾਂ ਉਸ ਦੀ ਜਾਣਕਾਰੀ ਪ੍ਰਾਪਤ ਕਰਨਾ। ਉਦਾਹਰਣ ਦੇ ਤੌਰ ਤੇ Punjab ਵਿਚ ਹੋਏ ਗੁਰੂ ਕਾਲ ਅਤੇ ਮੁਗਲਾਂ, ਰਣਜੀਤ ਸਿੰਘ ਬੰਦਾ ਬਹਾਦਰ ਆਦਿ ਦੀ history ਪ੍ਰਾਪਤ ਕਰਨਾ। ਜੋ ਕਿ ਅਸੀਂ ਇਤਿਹਾਸਿਕ ਕਿਤਾਬਾਂ ਤੋਂ ਪ੍ਰਾਪਤ ਕਰਦੇ ਹਾਂ

**ਧਰਮ ਤੇ ਦਰਸ਼ਨ ਸ਼ਾਸਤਰ :-** ਸਾਨੂੰ ਇਤਿਹਾਸ ਤੋਂ ਪ੍ਰਾਚੀਨ ਸਮੇਂ ਵਿਚ ਪ੍ਰਚਲਿਤ ਅੰਧ ਵਿਸ਼ਵਾਸ ਅਤੇ ਰਿਵਾਜਾਂ ਦੇ ਉਪਾਵਾਂ ਤੋਂ ਜਾਣੂ ਕਰਵਾਉਂਦਾ ਹੈ। ਇਸ ਵਿਚ ਪ੍ਰਚਲਿਤ ਵਿਧੀਆਂ ਬਾਰੇ ਪਤਾ ਲੱਗਦਾ ਹੈ। ਨਾਲ ਹੀ ਅੰਧ ਵਿਸ਼ਵਾਸ ਵਿਚ methods ਟੋਣੀ ਤੰਤਰੀ ਦੀ ਜਾਣਕਾਰੀ ਮਿਲਦੀ ਹੈ। ਦਰਸ਼ਨ ਸ਼ਾਸਤਰ ਵਿਚ ਵਿਦਵਾਨਾਂ ਦੁਆਰਾ ਦਿੱਤੇ ਗਏ ਦਰਸ਼ਨ ਤੇ ਸਿਧਾਂਤਾਂ ਦੀ ਜਾਣਕਾਰੀ ਮਿਲਦੀ ਹੈ। ਇਸ ਵਿਚ ਆਏ ਬਦਲਾਵ ਵੀ ਪਤਾ ਲਗਦਾ ਹੈ।

**ਜੀਵ ਵਿਗਿਆਨ, ਅਣੂ ਤੇ ਪ੍ਰਮਾਣੂ ਸ਼ਾਸਤਰ ਦਾ ਇਤਿਹਾਸ :-** ਇਤਿਹਾਸ ਤੋਂ ਸਾਨੂੰ ਜੀਵ ਵਿਗਿਆਨ ਵਿਚ ਜੀਵਾਂ, ਪੌਦਿਆਂ ਪ੍ਰਜਾਤੀਆਂ ਤੇ ਉਸ ਦੇ ਵਿਕਾਸ, ਰਹਿਣ-ਸਹਿਣ, ਖਾਣ ਪੀਣ ਦੀ ਜਾਣਕਾਰੀ ਮਿਲਦੀ ਹੈ। ਅਣੂ ਤੇ ਪ੍ਰਮਾਣੂ ਸ਼ਾਸਤਰ ਦੇ ਇਤਿਹਾਸ ਤੋਂ ਸਾਨੂੰ ਪ੍ਰਿਥਵੀ ਦੇ ਅਣੂਆਂ ਦੀ ਹੋਂਦ ਬਾਰੇ ਪਤਾ ਲੱਗਦਾ ਹੈ। ਸਾਨੂੰ ਪ੍ਰਮਾਣੂਆਂ ਦੀ ਸਹੀ ਵਰਤੋਂ ਬਾਰੇ ਅਤੇ ਪ੍ਰਮਾਣੂ ਦੇ ਮਨੁੱਖ ਤੇ ਪਏ ਚੰਗੇ ਮਾੜੇ ਪ੍ਰਭਾਵਾਂ ਦੀ ਜਾਣਕਾਰੀ ਸਾਨੂੰ ਇਤਿਹਾਸ ਤੋਂ ਮਿਲਦੀ ਹੈ

**Conclusion:-** ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖ ਵਿਚ ਇਤਿਹਾਸ ਦਾ ਘੇਰਾ ਛੋਟਾ ਤੇ ਸੰਕੀਰਣ ਸੀ ਆਪਣੀ ਆਰੰਭਕ ਸਟੇਜ ਤੇ ਇਹ political ਤੇ ਹੋਰ ਛੋਟੇ ਮੋਟੇ ਗਤੀਵਿਧੀਆਂ ਤੇ ਕੇਂਦਰਿਤ ਸੀ। ਸਮਾਂ ਬੀਤਣ ਨਾਲ ਨਵੀਆਂ-2 ਖੋਜਾ ਹੋ ਰਹੀਆਂ History ਦਾ scope ਇੰਨਾ ਜ਼ਿਆਦਾ ਫੈਲ ਗਿਆ ਸੀ ਕਿ ਇਸਨੂੰ ਕਿਸੇ ਹੱਦ ਵਿਚ ਨਹੀ ਬੰਨ੍ਹਿਆ ਜਾ ਸਕਦਾ। ਮਨੁੱਖੀ ਜੀਵਨ ਨਾਲ ਸੰਬੰਧਿਤ ਹਰੇਕ ਘਟਨਾਵਾਂ ਦੀ ਵਿਆਖਿਆ ਉਸਦੀ ਸੱਚਾਈ ਹੀ ਇਤਿਹਾਸ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਮਨੁੱਖੀ ਵਿਕਾਸ ਦੀ ਕਹਾਣੀ ਹੈ ਜਿਸ ਦਾ ਉਸ ਦੇ ਜੀਵਨ ਦੇ ਹਰੇਕ ਪੱਖ ਨਾਲ ਡੂੰਘਾ ਸੰਬੰਧ ਹੈ। ਅਤੇ ਇਹੀ ਉਪਯੋਗਤਾ ਹੈ।

## Importance of History

i. ਭੂਤਕਾਲ ਦਾ ਅਧਿਐਨ
ii. ਮਾਨਸਿਕ ਸੰਤੁਸ਼ਟੀ
iii. ਵਰਤਮਾਨ ਨੂੰ ਸਮਝਣਾ
iv. ਮਨੁੱਖੀ ਵਿਵਹਾਰ ਨੂੰ ਸਮਝਣਾ
v. ਤਰਕ ਸ਼ਕਤੀ ਦਾ ਵਿਕਾਸ
vi. ਕੁਦਰਤੀ ਨਿਯਮਾਂ ਬਾਰੇ ਗਿਆਨ
vii. ਸੱਭਿਆਚਾਰ ਦੀ ਸੰਭਾਲ
viii. ਸਮਾਜਿਕ ਵਿਕਾਸ ਦਾ ਗਿਆਨ
ix. ਰਾਸ਼ਟਰੀ ਪ੍ਰਭਾਵ
x. ਨੈਤਿਕ ਪੱਖਾਂ ਨੂੰ ਮਜ਼ਬੂਤ ਕਰਨਾ
xi. ਰਾਸ਼ਟਰੀ ਏਕਤਾ।
xii. ਅੰਤਰਰਾਸ਼ਟਰੀ ਸਦਭਾਵਨਾ।
xiii. ਆਲੋਚਨਾਤਮਕ ਦ੍ਰਿਸ਼ਟੀਕੋਣ ਦਾ ਵਿਕਾਸ

## Purpose of History

ਇਤਿਹਾਸ ਦੇ ਅਧਿਐਨ ਦਾ ਸਾਡੀ ਜ਼ਿੰਦਗੀ ਵਿੱਚ ਖਾਸ ਮਹੱਤਵ ਹੈ। ਕੁਝ ਲੋਕਾਂ ਦੀ ਧਾਰਨਾ ਹੈ ਕਿ ਵਿਅਕਤੀ ਨੂੰ ਆਪਣੇ ਵਰਤਮਾਨ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜਿਹੜਾ Past ਦਾ ਹੈ ਉਸਦੇ ਬਾਰੇ ਵਿੱਚ ਜ਼ਿਆਦਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। It is the narrow thinking of people. ਵਰਤਮਾਨ ਦੀਆਂ ਜੜ੍ਹਾਂ ਭੂਤਕਾਲ ਨਾਲ ਜੁੜੀਆਂ ਹੁੰਦੀਆਂ ਹਨ। ਜੇਕਰ ਕਿਸੇ ਵਿਅਕਤੀ ਨੂੰ ਵਰਤਮਾਨ ਵਿੱਚ ਕੋਈ ਸਮੱਸਿਆ ਤੰਗ ਕਰ ਰਹੀ ਹੈ ਤਾਂ ਇਸ ਦੇ ਕਾਰਨ ਭੂਤਕਾਲ ਹੀ ਹੋਣਗੇ। ਇਤਿਹਾਸ ਆਪਣੇ ਆਪ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਕੁਝ ਇਤਿਹਾਸਕਾਰਾਂ ਨੇ ਇਤਿਹਾਸ ਦੇ ਅਧਿਐਨ ਨੂੰ ਮਹੱਤਵਪੂਰਨ ਤੇ ਕੁਝ ਨੇ ਫਜ਼ੂਲ ਦੱਸਿਆ ਹੈ।

1. Acc. to Geoffery Barraclough

"A tale told by an Idiot."

ਪਰ ਇਹ ਠੀਕ ਨਹੀਂ ਹੈ, ਕਿਉਂਕਿ ਇਤਿਹਾਸ ਇੱਕ ਝੂਠੀ ਕਹਾਣੀ ਹੀ ਨਹੀਂ, ਸਗੋਂ ਇਸਦੀ ਮਹੱਤਤਾ ਵੀ। ਇਸਦੀ ਮਹੱਤਤਾ ਸਿਰਫ਼ ਇਕ ਵਿਸ਼ੇ ਵਿੱਚ ਨਾ ਹੋ ਕੇ Social Science ਵਿੱਚ ਵੀ ਹੈ। ਜੇਕਰ ਅਸੀਂ ਕਿਸੇ Social Science ਬਾਰੇ Research ਕਰਦੇ ਹਾਂ ਤਾਂ ਪਿਛੋਕੜ ਜਾਨਣਾ ਜ਼ਰੂਰੀ ਹੈ।

Date: / /
Page:

1. **Acc to Hegal an Karl marx :**

" History is useful because it indicates the progress of man to higer forms of History.

3. Acc. to Stern "

Any research in social science is lacking feundation is non-serious "

4. Acc. to. It is the universal human desire to break down the barriers of time and extend and knowledge beyond ones" life",

D) **ਭੂਤਕਾਲ ਦਾ ਅਧਿਐਨ :** ਜਿਸ ਤਰਾਂ ਕਿ ਸਾਰੇ ਵਿਗਿਆਨੀ ਡਾਕਟਰ ਵੀ ਭੂਤਕਾਲ ਦੀ ਜਾਣਕਾਰੀ ਪ੍ਰਾਪਤ ਕੀਤੇ ਬਿਨਾਂ ਰੋਗ ਦਾ ਹੱਲ ਨਹੀਂ ਕਰ ਸਕਦਾ। ਇਸ ਲਈ ਰੋਗੀ ਦੇ ਪੂਰਵ ਇਤਿਹਾਸ ਨੂੰ ਜਾਣਦਾ ਅਤਿ ਜ਼ਰੂਰੀ ਹੈ। ਇਸ ਤਰਾਂ ਵਰਤਮਾਨ ਦੇ ਸਮਾਜ ਦਾ ਸਰੂਪ ਇਨ੍ਹਾਂ ਦੀਆਂ ਸੰਸਥਾਵਾਂ ਦੇ ਉਭਾਰ ਜੀ ਸਮੀਖਿਆ ਦੇ ਵਿਕਾਸ ਦਾ ਨਿਰਮਾਣ ਕਰਦੇ ਹਾਂ।

) **ਸਹਿਣਸ਼ੀਲਤਾ ਤੇ ਮਾਨਸਿਕ ਸੰਤੁਸ਼ਟੀ** for- Tolerance — mentally Satisfaction,

ਇਤਿਹਾਸ ਵਿਦਿਆਰਥੀਆਂ ਦੀ ਦੁੱਖ-ਸੁੱਖ ਸਹਿਣ ਨਾਲ ਸਭੀ ਉਤਸੁਕਤਾ ਦੀ ਸੰਤੁਸ਼ਟੀ ਕਰਦਾ ਹੈ। ਮਨੁੱਖ ਦਾ interest ਹੈ ਕਿ ਉਹ ਵਿਕਾਸ ਨੂੰ ਜਿਸ ਕਰਨ ਲਈ ਦੁੱਖ-ਸੁੱਖ ਕਾਰਨਾਂ ਦੀ ਜਾਣਕਾਰੀ ਸੰਭਵ ਹੈ। ਇਤਿਹਾਸ ਪੜ੍ਹ ਕੇ ਸਾਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਇਤਿਹਾਸਕ ਦੇ ਨਿਰਮਾਣ ਸਮੇਂ ਧਰਮ, ਤੇ ਨਸਲ ਤੋਂ ਆਧਾਰ ਕਿਆ ਪਾਇਆ ਹੈ। ਇਸ ਪ੍ਰਕਾਰ ਦੀ ਭਾਵਨਾ ਵਿੱਚ ਸਹਿਣਸ਼ੀਲਤਾ ਨੂੰ ਜਨਮ ਦਿੰਦੀ ਹੈ ਤੇ ਮਾਨਸਿਕ ਸੰਤੁਸ਼ਟੀ ਕਰਦੀ ਹੈ।

## VII. ਗਿਆਨ ਵਿਚ ਵਾਧਾ ਤੇ ਤਰਕ ਸ਼ਕਤੀ ਦਾ ਗਿਆਨ :-

ਇਤਿਹਾਸ ਦੇ ਅਧਿਐਨ ਨਾਲ ਲੋਕਾਂ ਦੇ ਗਿਆਨ ਵਿਚ ਭਾਰੀ ਵਾਧਾ ਹੁੰਦਾ ਹੈ ਇਸ ਵਿਚ ਵਿਸ਼ਵ ਵਿਚ ਜੋ ਕੁਝ ਵੀ ਭੂਤਕਾਲ ਵਿਚ ਵਾਪਰਿਆ ਉਸ ਬਾਰੇ ਪਤਾ ਲੱਗਦਾ ਹੈ ਜਿਸ ਵਿਚ ਸ਼ਾਸਨ ਸ਼ਾਸਕ, ਯੁੱਧ ਸਮਝੌਤੇ, ਸੰਧੀਆਂ, ਗਠਜੋੜ, ਜਿੱਤਾਂ ਬਾਰੇ ਸਾਨੂੰ ਇਤਿਹਾਸ ਹੀ ਜਾਣਕਾਰੀ ਦਿੰਦਾ ਹੈ। ਇਤਿਹਾਸਕ ਸਰੋਤ ਹੀ ਖੋਜ ਦਾ ਆਧਾਰ ਬਣਦੇ ਹਨ। ਇਹ ਸਾਡੇ ਬੌਧਿਕ (ਬੁੱਧੀ) ਗਿਆਨ ਵੀ ਵਧਾ ਕਰਦਾ ਹੈ। ਇਹ ਸਾਨੂੰ ਤਰਕ ਦੇ ਆਧਾਰ ਤੇ ਸੋਚਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਕਿ ਕਿਹੜੀ ਘਟਨਾ, ਕਿਹੜੀ ਘਟਨਾ, ਕਿਹੜੀ ਸੰਧੀ ਜਾਂ ਸਮਝੌਤਾ ਕਿਉਂ, ਕਿਵੇਂ, ਤੇ ਕਦੋਂ ਹੋਇਆ, ਉੱਤਰ ਮਿਲਣ ਤੋਂ ਬਾਅਦ ਹੀ ਇਸਦੇ ਪ੍ਰਮਾਣਿਕਤਾ ਨੂੰ ਮਨਜ਼ੂਰ ਕਰਦੇ ਹਨ।

## (ੳ) ਅੰਤਰਰਾਸ਼ਟਰੀ ਸੰਬੰਧਾਂ ਨੂੰ ਸਮਝਣ ਵਿੱਚ ਸਹਾਈ :-

ਇਤਿਹਾਸ ਸਾਨੂੰ ਅੰਤਰਰਾਸ਼ਟਰੀ ਸੰਬੰਧਾਂ ਨੂੰ ਸਮਝਣ ਵਿਚ ਬਹੁਤ ਭੂਮਿਕਾ ਅਦਾ ਕਰਦਾ ਹੈ। ਸਾਨੂੰ ਪਤਾ ਲਗਦਾ ਹੈ ਕਿ ਦੋ ਦੇਸ਼ਾਂ (ਗੁਆਂਢੀ ਦੇਸ਼ਾਂ ਜਾਂ ਦੁਸ਼ਮਣ ਦੇਸ਼ਾਂ) ਵਿਚ ਸੰਬੰਧ ਕਿਵੇਂ ਜਿਹੇ ਸਨ। ਉਹਨਾਂ ਵਿਚਲੀਆਂ ਸਮੱਸਿਆਵਾਂ ਹੱਲ ਕਰਨ ਦੇ ਤਰੀਕੇ ਵੀ ਸਾਨੂੰ ਇਤਿਹਾਸ ਹੀ ਸਮਝਾਉਂਦਾ ਹੈ, ਵਪਾਰਕ ਸੰਬੰਧ ਮਜ਼ਬੂਤ ਕਰਕੇ ਕਿਵੇਂ ਦੇਸ਼ਾਂ ਦੀ ਆਰਥਿਕਤਾ ਦੇ ਪੱਧਰ ਤੇ ਸੁਧਾਰ ਲਿਆਂਦਾ ਜਾ (ਇੱਕ ਦੇਸ਼ ਦੀ ਮਦਦ ਨਾਲ ਦੂਸਰੇ ਦੇਸ਼ ਦੀ) ਤਰੱਕੀ ਦਾ ਰਾਹ ਪੱਧਰਾ ਕੀਤਾ ਜਾ ਸਕਦਾ ਹੈ।

ਭੇਦ ਭਾਵਾਂ ਨੂੰ ਦੂਰ ਕਰਕੇ ਅੰਤਰਰਾਸ਼ਟਰੀ ਸੰਬੰਧਾਂ ਨੂੰ ਇਕ ਲੜੀ ਵਿਚ ਪਰੋਣ ਦੇ ~~[illegible]~~ ਯਤਨ ਇਤਿਹਾਸ ਦਾ ਅਧਿਐਨ ਵਿਚ ਕੀਤੇ ਜਾਂਦੇ ਹਨ।

Date : / /
Page :

## ਰਾਸ਼ਟਰੀ ਚੇਤਨਾ ਤੇ ਰਾਸ਼ਟਰੀ ਪ੍ਰਭਾਵ : National Unity

ਇਤਿਹਾਸ ਦਾ ਵਿਸ਼ਾ ਦੇਸ਼ ਦਾ ਨਾਗਰਿਕ ਨੂੰ ਰਾਸ਼ਟਰੀ ਪ੍ਰਭਾਵ ਦਿੰਦਾ ਉਹਨਾਂ ਦੀ ਪ੍ਰਭਾਵ ਉਹਨਾਂ ਦੇ ਸੱਭਿਆਚਾਰ, ਤੇ ਸੱਭਿਅਤਾ ਤੋਂ ਵੀ ਹੁੰਦੇ ਹੈ ਉਹਨਾ ਦਾ ਵਿਰਸ਼ਾ ਤੇ ਵਿਰਾਸਤ ਰਾਸ਼ਟਰ ਦੀ ਪ੍ਰਭਾਵ ਦਿੰਦੀ ਹੁੰਦੀ ਹਨ। ਰਾਸ਼ਟਰੀ ਪ੍ਰਭਾਵ ਦੇ ਨਾਲ-ਨਾਲ ਰਾਸ਼ਟਰੀ ਦੀ ਏਕਤਾ ਵਿਚ ਵੀ ਇਤਿਹਾਸ ਅਹਿਮ ਯੋਗਦਾਨ ਪਾਉਂਦਾ ਹੈ। ਭਾਰਤੀ ਰਾਸ਼ਟਰੀ ਅੰਦੋਲਨਾਂ ਦਾ ਇਤਿਹਾਸ ਲੋਕਾ ਵਿਚ ਰਾਸ਼ਟਰੀ ਏਕਤਾ ਦਾ ਪ੍ਰਚਾਰ ਕਰਨ ਵਿਚ ਕਾਫੀ ਸਫਲ ਰਿਹਾ ਹੈ। ਜਿਸ ਦੇ ਆਧਾਰ ਤੇ ਹੀ ਰਾਸ਼ਟਰੀ ਦੀ (ਦੇਸ਼ ਨੂੰ ਦੀ) ਆਜ਼ਾਦੀ ਸੰਭਵ ਹੋਈ।

## (ਅ) ਨੈਤਿਕਤਾ ਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ,

ਇਤਿਹਾਸ ਦੇ ਵਿਦਿਆਰਥੀ ਦੇ ਅੰਦਰ ਇਮਾਨਦਾਰੀ, ਪਵਿੱਤਰਤਾ, ਪਿਆਰ ਤੇ ਨੈਤਿਕ ਗੱਲਾਂ ਦਾ ਸੰਚਾਰ ਕਰਦੇ ਹੈ ਇਸ ਨਾਲ ਨੈਤਿਕ ਪੱਖ ਕਾਫੀ ਮਜ਼ਬੂਤ ਹੁੰਦਾ ਹੈ। ਉਦਾਹਰਣ Guru nanak dev ji ਦੇ ਜੀਵਨ ਦੇ ਸਿੱਖਿਆਵਾਂ ਤੋਂ ਸੱਚਾਈ, ਇਮਾਨਦਾਰੀ, ਭਾਈਚਾਰਾ, ਆਦਿ ਨੈਤਿਕ ਕਦਰਾਂ, ਕੀਮਤਾਂ, ਪ੍ਰਫੁੱਲਤ ਹੁੰਦੀਆਂ ਹਨ। ਇਤਿਹਾਸ ਸਾਡੇ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦਾ ਹੈ। ਇਤਿਹਾਸ ਦੇ ਵਿਦਿਆਰਥੀ ਜਦੋਂ ਦੇਸ਼ ਦੇ ਦੇਸ਼ ਭਗਤਾਂ। ਉਹਨਾਂ ਦੀ ਕੁਰਬਾਨੀ ਬੀਰਤਾ, ਬਾਰੇ ਪੜ੍ਹਦੇ ਹਨ। ਤਾਂ ਉਹਨਾ ਵਿਚ ਵੀ ਦੇਸ਼ ਭਗਤੀ ਦੀ ਭਾਵਨਾ ਆਉਂਦੀ ਹੈ।

## (ੲ) ਅਲੋਚਨਾਤਮਕ ਸ਼ਕਤੀ ਦਾ ਵਿਕਾਸ :

ਇਤਿਹਾਸ ਵਿਚ ਵਿਦਿਆਰਥੀਆਂ ਅੰਦਰ ਸੋਚਣ ਸ਼ਕਤੀ ਦਾ ਵਿਕਾਸ ਕਰਦਾ ਹੈ। ਜਿਸ ਨਾਲ ਉਹ ਕਿਸੇ ਤੱਥ ਨੂੰ ਸੱਚ ਦੀ ਕਸਵੱਟੀ ਤੇ ਪਰਖਦੇ ਹਨ। ਇਸ ਨਾਲ ਉਹਨਾ ਵਿੱਚ ਆਲੋਚਨਾਤਮਕ ਸ਼ਕਤੀ ਦਾ ਵਿਕਾਸ ਹੁੰਦਾ ਹੈ

ਜਿਹੜੀ ਕਿਸੇ ਵੀ ਸਮਾਜ ਲਈ ਅਤਿ ਜ਼ਰੂਰੀ ਹੈ।

Date : / /
Page :

## III) ਵਰਤਮਾਨ ਤੇ ਵਿਅਕਤੀਗਤ ਮੁੱਦਿਆਂ ਨੂੰ ਸਮਝਣਾ :-

ਮਨੁੱਖੀ ਵਿਕਾਸ ਇੱਕ ਗੁੰਝਲਦਾਰ ਪ੍ਰਕਿਰਿਆ ਹੈ ਜਿਸਨੂੰ ਸਮਝਣਾ ਕਾਫ਼ੀ ਔਖਾ ਹੈ, ਜਿਸਨੂੰ ਸਮਝਣ ਵਿਚ ਇਤਿਹਾਸ ਦੇ ਮਾਧਿਅਮ ਰਾਹੀਂ ਇਸ ਵਿਕਾਸ ਨੂੰ ਸਮਝਣਾ ਵਿਚ ਕਾਫ਼ੀ ਔਖਿਆਈ ਇਤਿਹਾਸ ਦੇ ਮਾਧਿਅਮ ਰਾਹੀਂ ਇਸ ਨੂੰ ਸਮਝਣਾ ਸੌਖਾ ਹੋਇਆ ਹੈ। ਇਸ ਕਰਕੇ ਇਤਿਹਾਸ ਦੀ ਮਹੱਤਤਾ ਹੈ। ਇਤਿਹਾਸ ਅਧਿਐਨ ਦੀ ਮਹੱਤਤਾ ਇਸ ਕਰਕੇ ਵੀ ਹੈ। ਇਸ ਨਾਲ ਅਸੀਂ ਆਪਣੇ present ਨੂੰ ਚੰਗੀ ਤਰ੍ਹਾਂ ਸਮਝਣ ਦੇ ਯੋਗ ਹੋ ਜਾਂਦੇ ਹਾਂ। ਇਸ ਤਰ੍ਹਾਂ ਅਸੀਂ Past ਤੋਂ ਸਿੱਖਿਆ ਲੈਂਦੇ ਹੋਏ Present ਵਿਚ ਸਹੀ ਹੋਏ Future ਸੰਬੰਧੀ ਵਿਚਾਰ ਕਰਦੇ ਹਾਂ।

## IX ਸਮਾਜਿਕ ਵਿਕਾਸ ਤੇ ਕੁਦਰਤੀ ਸਿਧਾਂਤ ਬਾਰੇ ਜਾਣਕਾਰੀ.

ਇਤਿਹਾਸ ਵਿਸ਼ਾ ਭੂਤ ਕਾਲ ਵਿਚ ਹੋਈਆਂ ਵੱਖ-ਵੱਖ ਘਟਨਾਵਾਂ ਬਾਰੇ ਜਾਣਕਾਰੀ ਦਿੰਦਾ ਹੈ ਜਿਸਦੇ ਆਧਾਰ ਤੇ ਅਸੀਂ ਵੱਖ-ਵੱਖ ਸਮੇਂ ਤੇ ਲਾਗੂ ਕੁਦਰਤੀ ਸਿਧਾਂਤਾਂ ਬਾਰੇ ਜਾਣ ਸਕਦੇ ਹਾਂ present ਤੇ future ਵਿਚ ਨਿਯਮਾਂ ਦੀ ਪਾਲਣਾ ਕਰ ਸਕਦੇ ਹਾਂ। ਇਤਿਹਾਸ ਵਿੱਚ ਸਮਾਜਿਕ ਵਿਕਾਸ ਦੀ ਪ੍ਰਕਿਰਿਆ ਨੂੰ ਸਪੱਸ਼ਟ ਤੌਰ ਤੇ ਦਰਸਾਇਆ ਹੈ, ਇਸ ਨਾਲ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਮੌਜੂਦਾ ਸਮਾਜ ਕਿਸ ਵਿਚੋਂ ਗੁਜ਼ਰ ਕੇ ਆਇਆ ਦਾ ਵਿਕਾਸ ਕਿਵੇਂ ਹੋਇਆ, ਇਸ ਤੋਂ ਇਤਿਹਾਸ, ਕਲਾ, ਧਰਮ ਤੇ ਨਸਲ ਨੇ ਆਪਣਾ ਕਿਸ ਪਾਇਆ ਹੈ। ਇਸ ਪ੍ਰਕਾਰ ਦੀ ਸਿੱਖਿਆ ਸਹਿਣਸ਼ੀਲਤਾ ਨੂੰ ਜਨਮ ਦਿੰਦੀ ਹੈ ਤੇ ਸਮਾਜ ਵਿਚ ਵਿਕਾਸ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਕੇ ਆਪਣੀ ਮਹੱਤਤਾ ਪ੍ਰਗਟ ਕਰਦਾ ਹੈ।

### I ਲੋਕਤੰਤਰੀ ਵਿਚਾਰਧਾਰਾ ਨੂੰ ਸਮਰਥਨ :

ਲੋਕਤੰਤਰੀ ਵਿਚਾਰਧਾਰਾ ਨੂੰ ਅਸੀਂ ਇਤਿਹਾਸ ਦੇ ਅਧਿਐਨ ਰਾਹੀਂ ਸਮਝ ਸਕਦੇ ਹਾਂ। ਸਾਨੂੰ ਪਤਾ ਲਗਦਾ ਹੈ ਕਿ ਮਨੁੱਖ ਨੂੰ ਆਪਣੇ ਅਧਿਕਾਰ ਪ੍ਰਾਪਤ ਕਰਨ ਲਈ ਕਿੰਨਾ ਸੰਘਰਸ਼ ਕਰਨਾ ਪਿਆ ਹੈ। ਤੇ ਕਿੰਨੀਆਂ ਕੁ ਕੁਰਬਾਨੀਆਂ ਦੇਣੀਆਂ ਪਈਆਂ। ਇਹ ਵੀ ਜਾਣਕਾਰੀ ਮਿਲਦੀ ਹੈ ਕਿ ਪਿਛਲੇ ਸਮੇਂ ਵਿਚ ਕਿਸੇ ਦੇਸ਼ ਦੀ ਰਾਜਨੀਤਿਕ ਸਥਿਤੀ ਕਿਸ ਤਰਾਂ ਦੀ ਹੋਵੇਗੀ।

### II ਇਤਿਹਾਸਕ ਕਲਪਨਾ ਨੂੰ ਜਨਮ ਦੇਣਾ :-

ਇਤਿਹਾਸ ਨੂੰ ਪੜ੍ਹਨ ਨਾਲ ਪਾਠਕ ਦੇ ਮਨ ਵਿਚ ਇਤਿਹਾਸਕ ਕਲਪਨਾ ਪੈਦਾ ਹੁੰਦੀ ਹੈ। ਇਸ ਪ੍ਰਕਾਰ ਜਿਥੇ ਸਾਡੇ ਪੜ੍ਹਨ ਹੇਠ ਵਿਚ ਆਈਆਂ ਸੱਭਿਆਤਾਵਾਂ ਦੇ ਸੰਬੰਧ ਵਿਚ ਕਈ ਪ੍ਰਕਾਰ ਦੇ ਅਨੁਮਾਨ ਲਗਾਉਂਦੇ ਹਾਂ ਕਿ ਉਹ ਸੱਭਿਆਤਾਵਾਂ ਕਦੋਂ ਸ਼ੁਰੂ ਹੋਈ ਹੋਵੇਗੀ। ਉਸਦਾ ਸਮਾਜਿਕ, ਧਾਰਮਿਕ, ਰਾਜਨੀਤਿਕ, ਤੇ ਆਰਥਿਕ ਢਾਂਚਾ ਕਿਸ ਪ੍ਰਕਾਰ ਦਾ ਰਿਹਾ ਹੋਵੇਗਾ। ਅਤੇ ਕਿਸ ਸੱਭਿਅਤਾ ਦਾ ਪਤਨ ਕਦੋਂ ਹੋਇਆ ਹੋਵੇਗਾ। ਇਸਦੇ ਪਤਨ ਲਈ ਕਿਹੜੇ ਕਾਰਨ ਜ਼ਿੰਮੇਵਾਰ ਸਨ ਆਦਿ ਬਾਰੇ ਸਾਡੇ ਮਨਾਂ ਅੰਦਰ ਕਲਪਨਾ ਪੈਦਾ ਹੁੰਦੀਆਂ ਹਨ।

### III ਭਵਨ ਨਿਰਮਾਣ ਕਲਾ ਦੇ ਖੇਤਰ ਵਿਚ :-

ਇਤਿਹਾਸ ਦਾ ਭਵਨ-ਨਿਰਮਾਣ ਕਲਾ ਦੇ ਖੇਤਰ ਵਿਚ ਵੀ ਬਹੁਤ ਵਡਮੁੱਲਾ ਯੋਗਦਾਨ ਹੈ। ਇਸਤੋਂ ਸਾਨੂੰ ਇਮਾਰਤਾਂ ਬਾਰੇ ਪਤਾ ਲਗਦਾ ਹੈ। ਕਿ ਕਿਸ ਬਾਦਸ਼ਾਹ ਦੇ ਸਮੇਂ ਕਿਹੜੀਆਂ ਸਨ। ਉਹਨਾਂ ਨੂੰ ਬਣਵਾਉਣ ਪਿਛੇ ਕੀ ਕਾਰਨ ਸੀ। ਉਹ ਮਕਬਰਾ ਜਾਂ ਰਾਜਨੀਤਿਕ, ਧਾਰਮਿਕ ਤੌਰ ਤੇ ਬਣਾਈਆਂ ਗਈਆਂ ਸਨ। ਇਤਿਹਾਸ ਵਿਚ ਸ਼ਿਲਾਲੇਖ, ਮੂਰਤੀ ਤੇ ਚਿਤਰਕਾਰੀ ਵੀ ਮਿਲਦੀ ਹੈ। ਜੋ ਪ੍ਰਗਤੀ ਦਾ ਪਰਛਾਵਾਂ ਪੇਸ਼ ਕਰਦੀ ਹੈ। ਭਵਨ ਦੇ ਨਿਰਮਾਣ ਦੀ ਕਲਾ ਬਾਰੇ ਵੀ ਸਾਨੂੰ ਜਾਣਕਾਰੀ ਮਿਲਦੀ ਹੈ।

III ਸੱਭਿਆਚਾਰ ਦੀ ਮਹੱਤਤਾ :- ਇਤਿਹਾਸ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦਾ ਹੈ ਇਸ ਨਾਲ ਅਜੋਕੇ ਵਾਸੀਆਂ ਨੂੰ ਸਮਝ ਕੇ ਆਪਣੇ ਸੱਭਿਆਚਾਰ ਬਾਰੇ ਵਿਆਪਕ ਜਾਣਕਾਰੀ ਮਿਲਦੀ ਹੈ। ਇਤਿਹਾਸ ਦੀ importance ਇਸ ਕਰਕੇ ਹੈ ਕਿ ਕਿਸੇ ਦੇਸ਼ ਦੇ ਸੱਭਿਆਚਾਰ ਨੂੰ ਸਮਝਣਯੋਗ ਹੈ।

IV ਮਨੁੱਖੀ ਵਿਕਾਸ ਤੇ ਮਾਨਵੀ ਕਿਰਤੀ ਦਾ ਗਿਆਨ :-

ਮਾਤ੍ਰ ਇਤਿਹਾਸ ਤੋਂ ਮਨੁੱਖੀ ਵਿਕਾਸ ਦੇ ਦੋ ਵੱਖ-ਵ ਪੜਾਅ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੋਂ ਪਤਾ ਲੱਗਦਾ ਹੈ। ਕਿ ਮਨੁੱਖ ਇਸ ਤਰ੍ਹਾਂ ਇਕ ਆਦਿ ਮਨੁੱਖ ਤੋਂ ਸ਼ੁਰੂ ਹੋ ਕੇ ਵਿਕਾਸ ਦੀ ਪ੍ਰਕਿਰਿਆ ਵਿੱਚੋਂ ਲੰਘ ਕੇ ਸੱਭਿਅਕ ਮਨੁੱਖ ਬਣਿਆ। ਇਸ ਹਰ ਵਿਕਾਸ ਪੜਾਅ ਦੀ ਪੂਰੀ ਜਾਣਕਾਰੀ ਮਿਲਦੀ ਹੈ। ਇਤਿਹਾਸ ਨੇ ਵਿਸ਼ੇਸ਼ ਤੌਰ ਤੇ ਲੋਕਾਂ ਵਿਚ ਸਾਹਿਤ ਦਾ ਸੋਤਰ ਮਾਨਵੀ ਕਿਰਤੀ ਦਾ ਗਿਆਨ - ਲੋਕਾਂ ਨੂੰ ਦੇਣਾ ਸੀ। ਇਹ ਇਤਿਹਾਸ ਹੀ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਦੇ ਜੀਵਨ ਦੇ ਕਿਸ - ਕਿਸ ਖੇਤਰ ਅੰਦਰ ਤਰੱਕੀ ਕੀਤੀ। ਇਹ ਪਤਾ ਲੱਗਦਾ ਹੈ। ਮਨੁੱਖ ਦੇ ਸਮਾਜਿਕ ਧਾਰਮਿਕ, ਆਰਥਿਕ, ਸੱਭਿਆਚਾਰਕ ਖੇਤਰ ਵਿਚ ਤਰੱਕੀ ਕੀਤੀ।

## ਸਾਹਿਤਕ ਤੇ ਧਾਰਮਿਕ ਸੋਮੇ :-

ਸਾਡੇ ਸਮਾਜ ਵਿੱਚ ਕਿਸ ਧਰਮ ਦੇ ਸ਼ੁਰੂ ਹੋਇਆ, ਇਸਨੂੰ ਕਿਸਨੇ ਚਲਾਇਆ। ਅਤੇ ਕਦੋਂ ਖਤਮ ਹੋਇਆ, ਇਸ ਨਾਲ ਸੰਬੰਧਿਤ ਰੀਤੀ-ਰਿਵਾਜ ਦੀ ਸੂਚਨਾ ਆਦਿ ਦੀ ਜਾਣਕਾਰੀ ਮਿਲਦੀ ਹੈ। ਸਾਹਿਤਕ ਖੇਤਰ ਵਿੱਚ ਜੋ ਵੀ ਹੋਇਆ, ਕੁਝ ਲਿਖਿਆ ਗਿਆ ਇਸ ਦੇਸ਼ ਦੀ ਲਿਪੀ ਤੇ ਬੋਲੀ ਦੀ ਝਲਕ ਸਾਨੂੰ ਮਿਲਦੀ ਹੈ। ਸਾਹਿਤਕ ਰਚਨਾ ਦੀ ਖੋਜ ਵਿੱਚ ਬਹੁਤ ਸਹਾਇਕ ਹਨ।

## ਵਿਗਿਆਨਿਕ, ਆਰਥਿਕ, ਰਾਜਨੀਤਿਕ ਸੋਮੇ :-

ਆਰਥਿਕ ਸੋਮੇ ਵਿੱਚ ਪਿਛਲੇ ਸਮੇਂ ਦੌਰਾਨ ਦੇਸ਼ ਦੀ ਆਰਥਿਕਤਾ ਖੁਸ਼ਹਾਲ ਸੀ ਜਾਂ ਮੰਦਹਾਲੀ ਨਾਲ ਜੂਝ ਰਹੀ ਸੀ। ਆਦਿ ਗੱਲਾਂ ਦਾ ਪਤਾ ਕਰਕੇ ਭਵਿੱਖ ਤੇ ਵਰਤਮਾਨ ਦੇ ਸੁਧਾਰ ਸੁਧਾਰਨ ਵਿੱਚ ਮਦਦ ਮਿਲਦੀ ਹੈ। ਰਾਜਨੀਤਿਕ ਸੋਮੇ ਵਿੱਚ ਦੇਸ਼ ਦੀ ਰਾਜਨੀਤਿਕ ਪ੍ਰਣਾਲੀ ਦੇ ਢਾਂਚੇ ਦੀ ਜਾਣਕਾਰੀ ਮਿਲਦੀ ਹੈ। ਜਿਵੇਂ ਅਸ਼ਮਕਾ ਬਾਰੇ ਪਤਾ ਲੱਗਦਾ ਹੈ। ਰਾਜ ਪ੍ਰਬੰਧ ਚਲਾਉਣ ਦੇ ਤਰੀਕੇ, ਵਿਦੇਸ਼ਾਂ, ਇਸ ਪ੍ਰਣਾਲੀ ਦੇ ਰਾਜ ਤੇ ਦੇਸ਼ ਕਿਵੇਂ ਪ੍ਰਬੰਧ ਤਰੀਕੇ, ਪ੍ਰ ਆਦਿ ਸਭ ਕੁਝ ਇਸੇ ਸੋਮੇ ਅਧੀਨ ਆਉਂਦਾ ਸੀ। ਉਦਾਹਰਣ ਵਜੋਂ ਕੌਟਲਿਆ ਜਾਂ ਚਾਣਕਿਆ ਦੇ ਰਾਜਨੀਤੀ ਸ਼ਾਸਤਰ ਵਿੱਚ ਰਾਜੇ ਦੇ ਕੰਮ, ਇਸ ਦਾ ਚਰਿੱਤਰ, ਰਾਜ ਪ੍ਰਬੰਧ ਚਲਾਉਣ ਦੇ ਨਾਲ ਪ੍ਰਜਾ ਦੀ ਭਲਾਈ ਦੇ ਕੰਮ ਵੀ ਸ਼ਾਮਿਲ ਹਨ। ਵਿਗਿਆਨ ਨੂੰ ਵਿਗਿਆਨ ਸੰਬੰਧੀ ਖੋਜਾਂ ਦੇ ਬਾਰੇ ਜਾਣਕਾਰੀ ਦਿੰਦਾ ਹੈ। ਮਨੁੱਖ ਨੇ ਵਿਗਿਆਨਿਕ ਤਰੱਕੀ ਦੀ ਸ਼ੁਰੂਆਤ ਕਦੋਂ ਕੀਤੀ। ਤੇ ਹੁਣ ਤੱਕ ਇਸਦਾ ਵਿਕਾਸ ਕਿਸ ਪੱਧਰ ਦੀ ਸੀਮਾ ਕੀ ਹੈ। ਵਿਕਾਸ ਵਿੱਚ ਕੀ-ਕੀ ਰੁਕਾਵਟਾਂ ਆਈਆਂ। (ਵਿਰੋਧ), ਆਦਿ ਹੁਣ ਇਸ ਨੂੰ ਪੜ੍ਹ ਕੇ ਅਸੀਂ ਪੁਰਾਣੇ ਸਮੇਂ ਦੀਆਂ ਵਿਗਿਆਨਕ ਕਾਢਾਂ ਨੂੰ ਜੋ ਵਿਕਾਸ ਪਤਾ ਕਰਦੇ ਹਾਂ।

# Conclusion :

Layman. "History is philosophy of teaching by examples".

ਲਾਫ ਇਤਿਹਾਸ ਦਾ ਸੰਬੰਧ ਉਦਾਹਰਣ ਰਾਹੀਂ ਦਰਸ਼ਨ ਸ਼ਾਸਤਰ ਪੜ੍ਹਾਉਂਦਾ ਹੈ। ਇਸ ਤਰ੍ਹਾਂ ਇਤਿਹਾਸ ਦਾ ਮਿਆਰ ਸੁੰਦਰ ਹੀ ਹੈ ਕਿਉਂਕਿ ਇਹ ਕਈ ਪ੍ਰਕਾਰ ਦੀ ਜਾਣਕਾਰੀ ਇਤਿਹਾਸ ਪੜ੍ਹਨ ਨਾਲ ਪ੍ਰਾਪਤ ਹੁੰਦੀ ਹੈ, ਇਤਿਹਾਸ ਆਲੋਚਨਾਤਮਕ ਸੋਚਣੀ ਵੀ ਪੈਦਾ ਕਰਦਾ ਹੈ। ਇਤਿਹਾਸ ਪੜ੍ਹਨ ਵਾਲੇ ਵਿਚ ਜਿਸ ਦੀ ਇਸ ਤੇ ਵਿਚਾਰ ਕਰਦਿਆਂ ਇਸਨੂੰ ਗਾਇਨ ਰੱਖਦਾ ਹੈ।

ਅੰਤ ਵਿੱਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਇਤਿਹਾਸ ਇਕ ਅਜਿਹਾ ਵਿਸ਼ਾ ਹੈ, ਜੋ ਉਤਸ਼ਾਹ, ਮਾਨਸਿਕ, ਸੰਤੁਸ਼ਟੀ, ਦ੍ਰਿਸ਼ਟੀਕੋਣ ਨੂੰ ਸਮਝ ਮਨੁੱਖੀ ਵਿਚਾਰ ਨੂੰ ਸਮਝਣ, ਗਲਤੀਆਂ, ਤੇ ਸਹੀ-ਗਲਤੀ ਸਮਝ ਪੈਦਾ ਕਰਨ ਦੇ ਨਾਲ ਸਹਿਣਸ਼ੀਲਤਾ ਦੀ ਸਹਾਇਕ ਬਣਨ ਦਾ ਸਮਰੱਥ ਰੱਖਦਾ ਹੈ। ਇਤਿਹਾਸ ਦੁਆਰਾ ਇਸ ਗਿਆਨ ਮਨੁੱਖੀ ਜੀਵਨ ਕਈ ਮੋੜ ਦਿੰਦਾ ਹੈ।